**Livery Transport Services**

**ਬੁਲੇਟਿਨ #021**
**ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ**
**1 ਜਨਵਰੀ, 2022 ਤੋਂ ਪ੍ਰਭਾਵੀ ਪ੍ਰੋਗਰਾਮ ਵਿੱਚ ਤਬਦੀਲੀਆਂ ਬਾਰੇ ਤਾਜ਼ਾ ਜਾਣਕਾਰੀ**
**15 ਦਸੰਬਰ 2021**

ਇਸ ਬੁਲੇਟਿਨ ਦਾ ਉਦੇਸ਼ ਉਦਯੋਗ ਨੂੰ ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਬਾਰੇ ਤਾਜ਼ਾ ਜਾਣਕਾਰੀ ਪ੍ਰਦਾਨ ਕਰਨਾ ਹੈ।

## ਪਿਛੋਕੜ

- 17 ਨਵੰਬਰ, 2021 ਨੂੰ, ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ, CDC2021-1559 ਬਾਰੇ ਇੱਕ ਸੰਖੇਪ ਜਾਣਕਾਰੀ, ਕਮਿਊਨਿਟੀ ਡਿਵੈਲਪਮੈਂਟ ਕਮੇਟੀ ਦੇ ਏਜੰਡੇ ਵਿੱਚ ਸ਼ਾਮਲ ਕੀਤੀ ਗਈ ਸੀ।
- ਸੰਖੇਪ ਜਾਣਕਾਰੀ ਵਿੱਚ ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਅਤੇ WAV ਕੈਲਗਰੀ ਸੈਂਟਰਲਾਈਜ਼ਡ ਡਿਸਪੈਚ ਸੇਵਾ ਵਿੱਚ ਤਬਦੀਲੀਆਂ ਬਾਰੇ ਜਾਣਕਾਰੀ ਸ਼ਾਮਲ ਸੀ।
- ਸੰਖੇਪ ਜਾਣਕਾਰੀ ਅਤੇ ਚਾਰ ਸੰਬੰਧਿਤ ਅਟੈਚਮੈਂਟਾਂ ਨੂੰ ਕੈਲਗਰੀ ਦੀ ਸਿਟੀ ਵੈੱਬਸਾਈਟ 'ਤੇ ਔਨਲਾਈਨ ਏਜੰਡੇ ਵਿੱਚ ਆਈਟਮ 11.1 ਦੇ ਤਹਿਤ ਪਾਇਆ ਜਾ ਸਕਦਾ ਹੈ।

## ਤਬਦੀਲੀਆਂ ਕੀ ਹਨ?

ਤਬਦੀਲੀਆਂ ਦੇ ਪੂਰੇ ਵੇਰਵੇ ਅੱਪਡੇਟ ਕੀਤੇ ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਫ੍ਰੇਮਵਰਕ ਵਿੱਚ ਮਿਲ ਸਕਦੇ ਹਨ ਜੋ ਕੈਲਗਰੀ ਦੀ ਸਿਟੀ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਗਏ ਹਨ। ਸਾਲਾਨਾ ਪ੍ਰੋਤਸਾਹਨ ($5,000 ਤੱਕ) ਲਈ ਉਪਲਬਧ ਫੰਡਿੰਗ ਦੀ ਮਾਤਰਾ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਅਤੇ WAV ਕੈਲਗਰੀ ਪਲੇਟਫਾਰਮ ਦੁਆਰਾ ਪੂਰੀ ਕੀਤੀ ਜਾਣ ਵਾਲੀ ਹਰ ਪਹੁੰਚਯੋਗ ਯਾਤਰਾ ਲਈ ਇੱਕ ਨਵਾਂ ਪ੍ਰਤੀ-ਟ੍ਰਿਪ ਡਰਾਈਵਰ ਪ੍ਰੋਤਸਾਹਨ ਪੇਸ਼ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਤਬਦੀਲੀਆਂ **1 ਜਨਵਰੀ, 2022** ਤੋਂ ਲਾਗੂ ਹੋਣਗੀਆਂ।

ਹੇਠਾਂ ਉਹਨਾਂ ਪ੍ਰੋਤਸਾਹਨਾਂ ਦਾ ਸਾਰ ਹੈ ਜੋ ਪ੍ਰੋਗਰਾਮ ਦੁਆਰਾ ਪ੍ਰਦਾਨ ਕੀਤੇ ਜਾਣਗੇ:

| **ਅਦਾਇਗੀ ਦੀ ਕਿਸਮ** | **ਸਲਾਨਾ ਪ੍ਰੋਤਸਾਹਨ** | | **ਪ੍ਰਤੀ-ਟ੍ਰਿਪ ਡਰਾਈਵਰ ਪ੍ਰੋਤਸਾਹਨ (ਨਵਾਂ)** |
|---|---|---|---|
| **ਪ੍ਰਾਪਤਕਰਤਾ** | ਇੱਕ ਵੈਧ ਅਤੇ ਸਹਾਇਕ ATPL ਧਾਰਕ | ਇੱਕ ਵੈਧ ਅਤੇ ਸਹਾਇਕ TDL ਧਾਰਕ ਜਿਸ ਨੂੰ ਇੱਕ ਪਹੁੰਚਯੋਗ ਵਾਹਨ ਚਲਾਉਣ ਲਈ ਤਸਦੀਕ ਕਿਤਾ ਗਿਆ ਹੋਵੇ ਅਤੇ ਇੱਕ ATPL ਨਾਲ ਜੁੜਿਆ ਹੋਵੇ | ਇੱਕ ਵੈਧ ਅਤੇ ਸਹਾਇਕ TDL ਧਾਰਕ ਜਿਸ ਨੂੰ ਇੱਕ ਪਹੁੰਚਯੋਗ ਵਾਹਨ ਚਲਾਉਣ ਲਈ ਤਸਦੀਕ ਕਿਤਾ ਗਿਆ ਹੋਵੇ ਅਤੇ ਇੱਕ ATPL ਨਾਲ ਜੁੜਿਆ ਹੋਵੇ (WAV ਕੈਲਗਰੀ ਪਲੇਟਫਾਰਮ 'ਤੇ) |
| **ਰਕਮ (ਵਾਰਵਾਰਤਾ)** | $3,000 ਤੱਕ (ਸਾਲਾਨਾ) | $2,000 ਤੱਕ (ਸਲਾਨਾ) | ਸਵੇਰੇ 4 ਅਤੇ ਸ਼ਾਮ 6 ਵਜੇ ਦੇ ਵਿਚਕਾਰ ਹਰ ਪੂਰੀ ਕੀਤੀ ਵ੍ਹੀਲਚੇਅਰ ਪਹੁੰਚਯੋਗ ਯਾਤਰਾ ਲਈ $10 |

| | | | |
|---|---|---|---|
| | | | ਸ਼ਾਮ 6 ਅਤੇ ਸਵੇਰੇ 4 ਵਜੇ ਦੇ ਵਿਚਕਾਰ ਹਰ ਪੂਰੀ ਕੀਤੀ ਵ੍ਹੀਲਚੇਅਰ ਪਹੁੰਚਯੋਗ ਯਾਤਰਾ ਲਈ $20 |
| **ਅਦਾਇਗੀ ਦਾ ਕਾਰਜਕ੍ਰਮ** | ਜੂਨ ATPL ਦੇ ਨਵੀਨੀਕਰਨ ਤੋਂ ਬਾਅਦ | ਡ੍ਰਾਈਵਰ ਲਾਇਸੈਂਸ ਨਵਿਆਉਣ ਤੋਂ ਬਾਅਦ (ਜਨਮ ਮਿਤੀ 'ਤੇ) | ਤਿਮਾਹੀਵਾਰ |
| **ਯੋਗਤਾ ਮਾਪਦੰਡ** | ਗਾਹਕ ਸੇਵਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪ੍ਰਾਪਤ ਕਰਨ ਨਾਲ ਜੁੜਿਆ | ਗਾਹਕ ਸੇਵਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪ੍ਰਾਪਤ ਕਰਨ ਨਾਲ ਜੁੜਿਆ | ਟ੍ਰਿਪਾਂ ਨੂੰ WAV ਕੈਲਗਰੀ ਪਲੇਟਫਾਰਮ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ |

**ਹੋਰ ਤਬਦੀਲੀਆਂ:**

- ਸਾਲਾਨਾ ਪ੍ਰੋਤਸਾਹਨ ਵਾਸਤੇ ਯੋਗ ਬਣਨ ਲਈ ਮਾਪਦੰਡਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ।
- ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਫ੍ਰੇਮਵਰਕ ਨੂੰ ਬਿਹਤਰ ਅਤੇ ਮਜ਼ਬੂਤ ਬਣਾਇਆ ਗਿਆ ਹੈ ਤਾਂ ਜੋ ਪ੍ਰੋਗਰਾਮ ਦੀਆਂ ਜ਼ਰੂਰਤਾਂ ਦੀ ਗੈਰ-ਪਾਲਣਾ 'ਤੇ ਵਧੇਰੇ ਪ੍ਰਭਾਵੀ ਢੰਗ ਨਾਲ ਧਿਆਨ ਦਿੱਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰੋਗਰਾਮ ਨੂੰ ਇਕਸਾਰ ਅਤੇ ਪਾਰਦਰਸ਼ੀ ਢੰਗ ਨਾਲ ਚਲਾਇਆ ਜਾ ਰਿਹਾ ਹੈ।
- ਨਵੇਂ ਪ੍ਰਤੀ-ਟ੍ਰਿਪ ਡਰਾਈਵਰ ਪ੍ਰੋਤਸਾਹਨ ਅਤੇ WAV ਕੈਲਗਰੀ ਨੂੰ ਪਾਇਲਟ ਤੋਂ ਇੱਕ ਪੂਰੇ ਪ੍ਰੋਗਰਾਮ ਵਿੱਚ ਤਬਦੀਲ ਕਰਨ ਨੂੰ ਸਮਰਥਨ ਦੇਣ ਲਈ ਟੈਕਸੀ ਬ੍ਰੋਕਰੇਜ ਮੇਨਟੇਨੈਂਸ ਰਿਬੇਟ ਤੋਂ ਫੰਡਾਂ ਨੂੰ ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਦੇ ਅੰਦਰ ਮੁੜ ਨਿਰਧਾਰਿਤ ਕੀਤਾ ਜਾ ਰਿਹਾ ਹੈ।

ਇਹ ਬੁਲੇਟਿਨ Calgary.ca 'ਤੇ ਅਮਹਾਰਿਕ, ਅਰਬੀ, ਹਿੰਦੀ, ਪੰਜਾਬੀ, ਸੋਮਾਲੀ ਅਤੇ ਉਰਦੂ ਵਿੱਚ ਵੀ ਉਪਲਬਧ ਹੈ।

ਜੇਕਰ ਤੁਹਾਡੇ ਕੋਲ ਪਹੁੰਚਯੋਗ ਟੈਕਸੀ ਪ੍ਰੋਤਸਾਹਨ ਪ੍ਰੋਗਰਾਮ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ltsengagement@calgary.ca 'ਤੇ ਸੰਪਰਕ ਕਰੋ।

ਤਹਿ-ਦਿਲੋਂ,

ਅਬਦੁਲ ਰਫੀਹ
ਚੀਫ ਲਾਈਵਰੀ ਇੰਸਪੈਕਟਰ
ਕੈਲਗਰੀ ਕਮਿਉਨਿਟੀ ਸਟੈਂਡਰਡਸ